**ਡਾਇਰੈਕਟਰ ਸਿਖਿਆ ਵਿਭਾਗ(ਸੈ:ਸਿ) ਪੰਜਾਬ,ਐਸ.ਏ.ਐਸ ਨਗਰ ।**
**(ਸੈਕੰਡਰੀ ਸਿੱਖਿਆ ਸਾਖਾ)**

ਵੱਲ,

ਸਮੂਹ ਮੰਡਲ ਸਿਖਿਆ ਅਫਸਰ,
ਸਮੂਹ ਜਿਲਾ ਸਿਖਿਆ ਅਫਸਰ(ਸੈ:ਸਿ) (ਐ:ਸਿ) ਪੰਜਾਬ।

ਮੀਮੋ ਨੰ:15/5-2017 ਸੈ:ਸਿ(2)
ਮਿਤੀ: ਐਸ.ਏ.ਐਸ.ਨਗਰ, 19.07.2017

**ਵਿਸ਼ਾ:-** **ਸਟੇਟ ਅਵਾਰਡ ਸਾਲ 2017 ਲਈ ਅਧਿਆਪਕਾਂ ਦੇ ਕੇਸ ਭੇਜਣ ਸਬੰਧੀ ।**
**ਹਵਾਲਾ:-** **ਸਰਕਾਰ ਦੇ ਮੀਮੋ ਨੰ:4/4/2015-1ਸਿ6/1025018/1-3 ਮਿਤੀ 18.07.2017 ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਆਪ ਨੂੰ ਲਿਖਿਆ ਜਾਦਾ ਹੈ ਕਿ ਆਪਣੇ ਅਧੀਨ ਆਉਦੇ ਸਕੂਲਾਂ ਦੇ ਅਧਿਆਪਕਾਂ ਦੇ ਸਟੇਟ ਅਵਾਰਡ ਸਾਲ 2017 ਲਈ ਕੇਸ ਮਿਤੀ 24.07.2017 ਤੱਕ ਹਰ ਹਾਲਤ ਵਿਚ ਡਾਇਰੈਕਟੋਰੇਟ ਵਿਖੇ ਪੁੱਜਦੇ ਕੀਤੇ ਜਾਣ। ਇਸ ਮਿਤੀ ਤੋ ਬਾਦ ਵਾਲੇ ਕੇਸ ਨਹੀ ਵਿਚਾਰੇ ਜਾਣਗੇ।

ਸਟੇਟ ਅਵਾਰਡ ਸਾਲ 2017 ਲਈ ਜੋ ਕੇਸ ਆਪ ਵੱਲੋ ਭੇਜੇ ਜਾਣ ਉਹ ਕੇਸ ਜਿਲਾ ਪੱਧਰੀ ਕਮੇਟੀ ਵੱਲੋ ਚੈਕ ਕਰਨ ਉਪਰੰਤ ਸ਼ਿਫਾਰਸ ਕਰਕੇ ਅਤੇ ਯੋਗ ਪ੍ਰਣਾਲੀ ਰਾਹੀ ਭੇਜੇ ਜਾਣ, ਸਿੱਧੇ ਕੇਸ ਪ੍ਰਾਪਤ ਨਹੀ ਕੀਤੇ ਜਾਣਗੇ। ਅਧਿਆਪਕਾਂ ਵੱਲੋ ਭੇਜੇ ਕੇਸਾਂ ਤੇ ਅਧਿਆਪਕ ਦਾ ਕੋਈ ਵੀ ਅਸਲ ਦਸਤਾਵੇਜ ਨਾ ਲਾਇਆ ਜਾਵੇ । ਅਸਲ ਸਰਟੀਫਿਕੇਟ/ਦਸਤਾਵੇਜ ਸਕੂਲਾਂ ਵਿੱਚ ਆਈ ਨਿਰੀਖਣ ਕਮੇਟੀ ਨੂੰ ਮੌਕੇ ਤੇ ਉਨ੍ਹਾਂ ਦੀ ਮੰਗ ਅਨੁਸਾਰ ਰਿਕਾਰਡ ਦਿਖਾ ਦਿੱਤੇ ਜਾਣ ਅਤੇ ਕੇਸ ਤੇ ਸਬੰਧਤ ਅਧਿਆਪਕ ਦਾ ਮੁਕੰਮਲ ਐਡਰੈਸ, ਫੋਨ ਨੰਬਰ ਅਤੇ ਈ.ਮੇਲ ਪਤਾ ਵੀ ਦਰਜ ਕੀਤਾ ਜਾਵੇ। ਕੇਸ ਸਬੰਧਤ ਦਫਤਰ ਜਿਲਾ ਸਿਖਿਆ ਅਫਸਰ ਦੇ ਕਰਮਚਾਰੀ ਵੱਲੋ ਹੀ ਡਾਇਰੈਕਟੋਰੇਟ ਵਿਖੇ ਪਹੁੰਚਾਏ ਜਾਣ। ਦੇਖਣ ਵਿਚ ਆਇਆ ਹੈ ਕਿ ਦਫਤਰ ਜਿਲਾ ਸਿਖਿਆ ਅਫਸਰ ਵੱਲੋ ਸਬੰਧਤ ਅਧਿਆਪਕ ਨੂੰ ਹੀ ਕੇਸ ਦੇਣ ਹਿੱਤ ਕਹਿ ਦਿੱਤਾ ਜਾਦਾ ਹੈ। ਐਲੀਮੈਂਟਰੀ ਵਿਭਾਗ ਦੇ ਕੇਸ ਦਫਤਰ ਡਾਇਰੈਕਟਰ (ਐ.ਸਿ) ਰਾਹੀਂ ਜਮ੍ਹਾ ਕਰਵਾਏ ਜਾਣ।

ਅਧਿਆਪਕਾਂ ਦੀਆਂ ਉਪਲੱਬਧੀਆਂ ਸਬੰਧੀ ਇੱਕ ਹੀ ਮੁੱਖ ਫਾਇਲ ਭੇਜੀ ਜਾਵੇ। (ਕੁੱਲ- 1 ਮੁੱਖ ਫਾਇਲ + ਬਰੀਫ) ਮੁੱਖ ਫਾਇਲ ਵਿੱਚ ਬੇਲੋੜੇ ਕਾਗਜ ਲਗਾਉਣ ਤੋ ਗੁਰੇਜ ਕੀਤਾ ਜਾਵੇ।

ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ),
ਪੰਜਾਬ

ਪਿੱਠ ਅੰਕਣ ਨੰ:ਉਕਤ ਮਿਤੀ ਐਸ.ਏ.ਐਸ.ਨਗਰ,

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪੀ.ਏ ਟੂ ਮਾਨਯੋਗ ਸਕੱਤਰ ਸਕੂਲ ਸਿੱਖਿਆ।
2. ਡਾਇਰੈਕਟਰ ਸਿਖਿਆ ਵਿਭਾਗ (ਐ:ਸਿ) ਪੰਜਾਬ।

ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ),
ਪੰਜਾਬ